ਮਿੱਠੇ ਬੱਚੇ:- "ਮਿੱਠੇ ਬੱਚੇ :- ਯਾਦ ਦੇ ਅਭਿਆਸ ਨੂੰ ਸਹਿਜ ਬਣਾਉਣ ਦੇ ਲਈ ਬਾਪ ਨੂੰ ਕਦੀ ਬਾਪ ਰੂਪ ਵਿੱਚ, ਕਦੀ ਟੀਚਰ ਰੂਪ ਵਿੱਚ ਤਾਂ ਕਦੀ ਸਤਿਗੁਰੂ ਰੂਪ ਵਿੱਚ ਯਾਦ ਕਰੋ"

ਪ੍ਰਸ਼ਨ:- ਤੁਸੀਂ ਬੱਚਿਆਂ ਨੂੰ ਹੁਣ ਸਾਰੇ ਵਿਸ਼ਵ ਵਿੱਚ ਕਿਹੜਾ ਢਿੰਡੋਰਾ ਪਿਟਵਾਉਣਾ ਹੈ?

ਉੱਤਰ:- ਹੁਣ ਢਿੰਡੋਰਾ ਪਿਟਵਾਓ ਕਿ ਸੁਖ ਦੀ ਦੁਨੀਆਂ (ਸਵਰਗ) ਦਾ ਰਚਿਯਤਾ ਖੁਦ ਰਾਜਯੋਗ ਸਿਖਾਉਣ ਆਇਆ ਹੋਇਆ ਹੈ। ਉਹ ਬੱਚਿਆਂ ਦੇ ਲਈ ਹਥੇਲੀ ਤੇ ਬਹਿਸ਼ਤ ਲੈਕੇ ਆਇਆ ਹੈ ਇਸਲਈ ਰਾਜਯੋਗ ਸਿੱਖੋ। ਬਾਪ ਖੁਦ ਕਹਿੰਦੇ ਹਨ - ਬੱਚੇ, ਹੁਣ ਤੁਹਾਡੇ 84 ਜਨਮ ਪੂਰੇ ਹੋਏ ਹਨ, ਤੁਹਾਨੂੰ ਮੇਰੇ ਨਾਲ ਘਰ ਚੱਲਣਾ ਹੈ ਇਸਲਈ ਦੇਹ ਦਾ ਭਾਨ ਛੋੜ ਅਸ਼ਰੀਰੀ ਬਣੋ। ਦੈਵੀਗੁਣ ਧਾਰਨ ਕਰੋ ਤਾਂ ਦੈਵੀ ਦੁਨੀਆਂ ਵਿੱਚ ਚਲੇ ਜਾਵੋਗੇ।

ਗੀਤ:- ਕੌਣ ਆਇਆ ਮੇਰੇ ਮਨ ਦੇ ਦਵਾਰੇ...

ਓਮ ਸ਼ਾਂਤੀ। ਮਿੱਠੇ -ਮਿੱਠੇ ਬੱਚਿਆਂ ਨੇ ਗੀਤ ਸੁਣਿਆ ਕਿ ਹੁਣ ਸਾਡੀ ਬੁੱਧੀ ਵਿੱਚ ਯਾਦ ਆਈ ਹੈ? ਸਭਦੀ ਬੁੱਧੀ ਵਿੱਚ ਹੈ ਕਿ ਪਤਿਤ - ਪਾਵਨ ਇੱਕ ਬਾਪ ਹੈ। ਅੰਗਰੇਜ਼ੀ ਵਿੱਚ ਉਹਨਾਂ ਨੂੰ ਲਿਬ੍ਰੇਟਰ ਕਹਿੰਦੇ ਹਨ। ਲਿਬ੍ਰੇਟ ਕਰਦੇ ਹਨ ਦੁੱਖ ਤੋਂ। ਦੁੱਖ ਹਰਤਾ, ਸੁਖ ਕਰਤਾ ਹੈ, ਇਹ ਕੋਈ ਮਨੁੱਖ ਅਤੇ ਦੇਵਤਾ ਦਾ ਨਾਮ ਨਹੀਂ ਹੈ। ਇਹ ਹੈ ਹੀ ਇੱਕ ਪਤਿਤ - ਪਾਵਨ ਬਾਪ ਦੀ ਮਹਿਮਾ। ਪਤਿਤ - ਪਾਵਨ, ਸਦਗਤੀ ਦਾਤਾ ਗੋਡ ਫਾਦਰ ਨੂੰ ਕਹਿੰਦੇ ਹਨ। ਮਨੁੱਖ ਦੀ ਇਹ ਮਹਿਮਾ ਹੋ ਨਾ ਸਕੇ। ਲਕਸ਼ਮੀ - ਨਾਰਾਇਣ ਨੂੰ, ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਪਤਿਤ - ਪਾਵਨ ਨਹੀਂ ਕਹਿ ਸਕਦੇ। ਪਤਿਤ - ਪਾਵਨ ਉੱਚ ਤੇ ਉੱਚ ਇੱਕ ਹੀ ਹੈ। ਪਰਮਪਿਤਾ ਪਰਮਾਤਮਾ ਉੱਚਾ ਉਸਦਾ ਨਾਮ ਵੀ ਹੈ ਤਾਂ ਉੱਚਾ ਉਹਨਾਂ ਦਾ ਠਾਂਵ (ਰਹਿਣ ਦਾ ਸਥਾਨ) ਵੀ ਹੈ। ਤੁਹਾਨੂੰ ਨਿਸ਼ਚੇ ਹੈ ਕਿ ਇਹ ਸਾਡਾ ਬਾਬਾ ਹੈ। ਸ਼ਿਵ ਨੂੰ ਹੀ ਬਾਬਾ ਕਹਿੰਦੇ ਹਨ, ਸ਼ਿਵ ਹੀ ਨਿਰਾਕਾਰ ਹੈ। ਸ਼ਿਵ ਦਾ ਚਿੱਤਰ ਵੱਖ, ਸ਼ੰਕਰ ਦਾ ਚਿੱਤਰ ਵੱਖ ਹੈ। ਉਹ (ਸ਼ਿਵ) ਬਾਪ, ਸਿੱਖਿਅਕ, ਸਤਿਗੁਰੂ ਹਨ। ਅੱਜ ਸਤਿਗੁਰੂਵਾਰ ਹੈ। ਤੁਹਾਡਾ ਤਾਂ ਸਤਿਗੁਰੂਵਾਰ ਰੋਜ਼ ਹੈ। ਸਤਿਗੁਰੂ ਰੋਜ਼ ਤੁਹਾਨੂੰ ਪੜ੍ਹਾਉਂਦੇ ਹਨ ਅਤੇ ਉਹ ਤੁਹਾਡਾ ਬਾਪ ਵੀ ਹੈ, ਇਹ ਤੇ ਨਿਸ਼ਚੇ ਹੋਣਾ ਚਾਹੀਦਾ ਹੈ ਨਾ। ਉਹਨਾਂ ਨੂੰ ਸਰਵਵਿਆਪੀ ਨਹੀਂ ਕਹਾਂਗੇ। ਤੁਹਾਡੀ ਬੁੱਧੀ ਵਿੱਚ ਹੈ - ਪਤਿਤ - ਪਾਵਨ ਪਰਮਪਿਤਾ ਪਰਮਾਤਮਾ ਸਾਨੂੰ ਰਾਜਯੋਗ ਸਿਖਾਉਂਦੇ ਹਨ, ਉਹ ਗਿਆਨ ਦਾ ਸਾਗਰ ਹੈ। ਇਹ ਤਾਂ ਬੁੱਧੀ ਵਿੱਚ ਨਿਸ਼ਚੇ ਰਹਿਣਾ ਚਾਹੀਦਾ ਹੈ। ਇਹ ਇੱਕ ਹੀ ਬਾਪ ਹੈ, ਜਿਸਨੂੰ ਕਿਸੇ ਵੀ ਰੂਪ ਵਿੱਚ ਯਾਦ ਕਰੋ। ਬੁੱਧੀ ਉੱਪਰ ਨਿਰਾਕਾਰ ਵਲ ਚਲੀ ਜਾਂਦੀ ਹੈ। ਕੋਈ ਆਕਾਰ ਜਾਂ ਸਾਕਾਰ ਨਹੀਂ ਹੈ। ਆਤਮਾਵਾਂ ਨੂੰ ਪਰਮਪਿਤਾ ਪਰਮਾਤਮ ਨਾਲ ਹੁਣ ਕੰਮ ਪਿਆ ਹੈ ਪਰ ਜਾਣਦੇ ਨਹੀਂ ਹਨ। ਗਾਉਂਦੇ ਵੀ ਹਨ ਉਹ ਗਿਆਨ ਦਾ ਸਾਗਰ ਹੈ। ਤਾਂ ਗਿਆਨ ਦਾ ਸਾਗਰ ਮਾਨਾ ਜੋ ਗਿਆਨ ਸੁਣਾਕੇ ਸਦਗਤੀ ਕਰੇ। ਲਕਸ਼ਮੀ - ਨਰਾਇਣ ਨੂੰ ਇਹ ਗਿਆਨ ਨਹੀਂ ਹੈ। ਗਿਆਨ ਉਹ ਜੋ ਗਿਆਨ ਸਾਗਰ ਬਾਪ ਕੋਲੋਂ ਮਿਲੇ, ਇਸਲਈ ਸ਼ਾਸਤਰਾਂ ਵਿੱਚ ਵੀ ਗਿਆਨ ਨਹੀਂ ਹੈ। ਗਿਆਨ ਸਾਗਰ ਨੂੰ ਹੀ ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ ਕਹਿੰਦੇ ਹਨ। ਬਾਪ ਕ੍ਰੀਏਟਰ ਹੈ। ਉਹ ਹੈ ਬੇਹੱਦ ਦਾ ਬਾਪ ਹੋਰ ਸਭ ਹਨ ਹੱਦ ਦੇ ਬਾਪ। ਹੁਣ ਬੇਹੱਦ ਦੇ ਬਾਪ ਨੂੰ ਸਭ ਯਾਦ ਕਰਦੇ ਹਨ, ਜੋ ਬਾਪਾਂ ਦਾ ਬਾਪ, ਪਤੀਆਂ ਦਾ ਪਤੀ, ਗੁਰੂਆਂ ਦਾ ਗੁਰੂ ਹੈ, ਸਭ ਉਹਨਾਂ ਨੂੰ ਯਾਦ ਕਰਦੇ ਹਨ, ਸਾਧਨਾ ਕਰਦੇ ਹਨ। ਅੱਜਕਲ ਚਿਤਰਾਂ ਦੇ ਅੱਗੇ, ਰਾਮ ਦੇ ਅੱਗੇ, ਸ਼ੰਕਰ ਦੇ ਅੱਗੇ ਲਿੰਗ ਰਖੱਦੇ ਹਨ। ਹੈ ਨਿਰਾਕਾਰ, ਉੱਚ ਤੇ ਉੱਚ ਹੈ, ਉਹ ਲਿਬ੍ਰੇਟ ਕਰਦੇ ਹਨ। ਹੁਣ ਤਾਂ ਸਭ ਆਤਮਾਵਾਂ ਪਤਿਤ ਹਨ। 5 ਹਜ਼ਾਰ ਵਰ੍ਹੇ ਪਹਿਲੇ ਜਦੋਂ ਆਦਿ ਸਨਾਤਨ ਦੇਵੀ - ਦੇਵਤਾਵਾਂ ਦਾ ਰਾਜ ਸੀ ਤਾਂ ਉਸ ਵੇਲੇ ਇੱਕ ਹੀ ਰਾਜ ਸੀ, ਸੁਖਧਾਮ ਸੀ। ਪਵਿੱਤ੍ਰਤਾ, ਸੁਖ ਸ਼ਾਂਤੀ ਸਭ ਸਨ। ਉਸਦਾ ਨਾਮ ਹੀ ਹੈ ਸਵਰਗ, ਹੇਵਿਨ। ਹੇਵਿਨ ਨੂੰ ਸੂਕ੍ਸ਼੍ਮਵਤਨ ਜਾਂ ਮੂਲਵਤਨ ਨਹੀਂ ਕਹਾਂਗੇ। ਹੈਵੀਂਨ ਦੇ ਅਗੇਂਸਟ ਹੈ ਹੇਲ। ਇਹ ਬੁੱਧੀ ਵਿੱਚ ਰੱਖਣਾ ਹੈ। ਇੱਕ ਬੇਹੱਦ ਦੇ ਬਾਪ ਨੂੰ ਹੀ ਯਾਦ ਕਰਨਾ ਹੈ, ਉਹਨਾਂ ਕੋਲੋਂ ਸਵਰਗ ਦਾ ਵਰਸਾ ਮਿਲਦਾ ਹੈ। ਸਤਿਗੁਰੂ ਰਾਜਯੋਗ ਸਿਖਾਉਂਦੇ ਹਨ, ਪਾਵਨ ਦੁਨੀਆਂ ਵਿੱਚ ਲੈ ਜਾਂਦੇ ਹਨ। ਇੱਕ ਦੀ ਕਿੰਨੀ ਮਹਿਮਾ ਹੈ। ਲਕਸ਼ਮੀ - ਨਾਰਾਇਣ ਨੂੰ ਇਹ ਮਹਿਮਾ ਨਹੀਂ ਦੇ ਸਕਦੇ। ਇੱਕ ਹੀ ਨਿਰਾਕਾਰ ਬਾਪ ਹੈ। ਆਤਮਾਵਾਂ ਵੀ ਨਿਰਾਕਾਰ ਹਨ, ਜਦੋਂ ਸ਼ਰੀਰ ਤੋਂ ਵੱਖ ਹਨ। ਬਾਪ ਕਹਿੰਦੇ ਹਨ ਤੁਸੀਂ ਆਪਣਾ ਸ਼ਰੀਰ ਲੈਕੇ ਪਾਰ੍ਟ ਵਜਾਉਂਦੇ ਹੋ। ਤੁਸੀਂ ਕਿੰਨੇ ਜਨਮ ਪਾਰ੍ਟ ਵਜਾਉਂਦੇ ਹੋ - ਇਹ ਵੀ ਜਾਣਦੇ ਹੋ। ਬ੍ਰਹਮਾ ਦਾ ਵੀ ਚੋਲਾ ਹੈ। ਸੂਕ੍ਸ਼੍ਮਵਤਨ ਵਿੱਚ ਵੀ ਚੋਲਾ ਹੈ। ਸ਼ਰੀਰ ਤਾਂ ਹੈ ਨਾ। ਕਹਿਣਗੇ ਉਨ੍ਹਾਂ ਵਿੱਚ ਵੀ ਆਤਮਾ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਵੀ ਸੂਕ੍ਸ਼੍ਮ ਸ਼ਰੀਰ ਹੈ। ਮੈਨੂੰ ਕਹਿੰਦੇ ਹਨ ਨਿਰਾਕਾਰ। ਬੱਚਿਆਂ ਨੂੰ ਸਮਝਾਇਆ ਹੈ - ਕਿਸੇ ਨੂੰ ਵੀ ਬੋਲੋ ਤੁਹਾਨੂੰ ਦੋ ਬਾਪ ਹਨ। ਤੁਹਾਡੇ ਬਾਪ ਨੂੰ ਵੀ ਦੋ ਬਾਪ ਹਨ। ਸਭ ਉਸ ਬੇਹੱਦ ਦੇ ਬਾਪ ਨੂੰ ਯਾਦ ਕਰਦੇ ਹਨ। ਲੌਕਿਕ ਬਾਪ ਤੇ ਅਨੇਕ ਹਨ, ਇਹ ਬੇਹੱਦ ਦਾ ਬਾਪ ਤਾਂ ਇੱਕ ਹੀ ਹੈ। ਬਾਪ ਭੁੱਲ ਜਾਵੇ ਤਾਂ ਟੀਚਰ ਯਾਦ ਪਵੇ, ਟੀਚਰ ਭੁੱਲ ਜਾਏ ਤਾਂ ਸਤਿਗੁਰੂ ਯਾਦ ਪਵੇ।

ਬਾਪ ਸਮਝਾਉਂਦੇ ਹਨ - ਭਾਰਤ ਹੁਣ ਪਤਿਤ ਹੈ। ਪਹਿਲੇ ਪਾਵਨ ਸੀ ਤਾਂ ਇੰਨੀਆਂ ਆਤਮਾਵਾਂ ਕਿੱਥੇ ਨਿਵਾਸ ਕਰਦੀਆਂ ਹੋਣਗੀਆਂ? ਮੁਕਤੀਧਾਮ, ਵਾਂਨਪ੍ਰਸਤ ਅਵਸਥਾ ਵਿੱਚ ਮਤਲਬ ਵਾਣੀ ਤੋਂ ਪਰੇ। ਮਨੁੱਖ ਬੁੱਢੇ ਹੁੰਦੇ ਹਨ ਤਾਂ ਵਾਣੀ ਤੋਂ ਪਰੇ ਜਾਣ ਦੇ ਲਈ ਗੁਰੂ ਦੀ ਸ਼ਰਨ ਲੈਂਦੇ ਹਨ ਕਿ ਸਾਨੂੰ ਨਿਰਵਾਣਧਾਮ ਪਹੁੰਚਾਵੇਂ, ਪਰ ਉਹ ਪਹੁੰਚ ਨਹੀਂ ਸਕਦੇ। ਝਾੜ ਨੂੰ ਤੇ ਵਧਣਾ ਹੀ ਹੈ। ਮੁਖ ਪਾਰ੍ਟ ਹੈ ਭਾਰਤ

ਦਾ, ਉਸ ਵਿੱਚ ਵੀ ਜੋ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੇ ਹਨ ਉਹ 84 ਜਨਮ ਲੈਂਦੇ ਹਨ। ਆਤਮਾ ਪਰਮਾਤਮਾ ਵੱਖ ਰਹੇ ਬਹੁਕਾਲ ... ਤਾਂ ਹਿਸਾਬ ਕਰਨਾ ਚਾਹੀਦਾ ਹੈ ਨਾ। ਬਹੁਤਕਾਲ ਮਤਲਬ ਜੋ ਪਹਿਲੇ - ਪਹਿਲੇ ਇਸ ਸ੍ਰਿਸ਼ਟੀ ਤੇ ਪਾਰ੍ਹ ਵਜਾਉਣ ਆਉਂਦੇ ਹਨ। ਬਰੋਬਰ 84 ਜਨਮ ਉਹਨਾਂ ਦੇ ਹੀ ਹਨ। 84 ਦਾ ਚੱਕਰ ਹੀ ਕਹਿੰਦੇ ਹਨ, 84 ਲਖ ਦਾ ਚੱਕਰ ਨਹੀਂ ਕਹਿੰਦੇ। ਤੁਹਾਨੂੰ ਬੱਚਿਆਂ ਨੂੰ 84 ਦਾ ਚਕ੍ਰ ਸਮਝਾਇਆ ਗਿਆ ਹੈ, ਪਹਿਲੇ ਨਹੀਂ ਜਾਣਦੇ ਸੀ। ਇਹਨਾਂ ਕੋਲੋਂ ਪੁੱਛੋਗੇ ਤਾਂ ਇਹਨਾਂ ਦੀ ਆਤਮਾ ਵੀ ਜਾਣਦੀ ਹੈ ਨਾ। ਦੋ ਆਤਮਾਵਾਂ ਦਾ ਰਾਜ਼ ਵੀ ਸਮਝਾਇਆ ਗਿਆ ਹੈ। ਦੂਸਰੀ ਆਤਮਾ ਪ੍ਰਵੇਸ਼ ਕਰ ਸਕਦੀ ਹੈ। ਅਸ਼ੁੱਧ ਆਤਮਾ ਦਾ ਵੀ ਪ੍ਰਵੇਸ਼ ਹੋ ਸਕਦਾ ਹੈ। ਤਾਂ ਪਰਮਪਿਤਾ ਪਰਮਾਤਮਾ ਵੀ ਆ ਸਕਦੇ ਹਨ। ਬਾਕੀ ਕਹਿੰਦੇ ਹਨ ਮੈਂ ਨਿਰਾਕਾਰ ਨਾ ਆਵਾਂ ਤਾਂ ਰਾਜਯੋਗ ਕਿਵੇਂ ਸਿਖਾਵਾਂ? ਮੈਨੂੰ ਹੀ ਗਿਆਨ ਸਾਗਰ ਕਹਿੰਦੇ ਹਨ, ਮਨੁੱਖ ਸਵਰਗ ਦੀ ਸਥਾਪਨਾ ਤਾਂ ਨਹੀਂ ਕਰਨਗੇ ਨਾ। ਬਾਪ ਨੂੰ ਹੀ ਕਿਹਾ ਜਾਂਦਾ ਹੈ ਹੇਵਿਨਲੀ ਗੋਡ ਫ਼ਾਦਰ। ਬੈਕੁੰਠ ਦੀ ਰਜਧਾਨੀ ਹੈ। ਇੱਕ ਤਾਂ ਨਹੀਂ ਹੈ ਨਾ। ਸ਼੍ਰੀ ਕ੍ਰਿਸ਼ਨ ਹੈ ਨੰਬਰਵਨ ਪ੍ਰਿੰਸ, ਸਤੋਪ੍ਰਧਾਨ ਨੂੰ ਹੀ ਮਹਾਤਮਾ ਕਿਹਾ ਜਾਂਦਾ ਹੈ। ਇੱਕਲੇ ਨੂੰ ਕੁਮਾਰ - ਕੁਮਾਰੀ ਕਿਹਾ ਜਾਂਦਾ ਹੈ। ਕੁਮਾਰੀ ਦਾ ਮਾਨ ਬਹੁਤ ਹੁੰਦਾ ਹੈ। ਸਗਾਈ ਹੋ ਗਈ ਫਿਰ ਭਾਵੇਂ ਪਵਿੱਤਰ ਰਹਿੰਦੇ ਹਨ ਫਿਰ ਵੀ ਯੂਗਲ ਤਾਂ ਹੋ ਗਏ ਨਾ। ਫਿਰ ਕੁਮਰੀ ਦਾ ਨਾਮ ਬਦਲ ਜਾਂਦਾ ਹੈ। ਫਿਰ ਮਾਤਾ - ਪਿਤਾ ਬਣ ਜਾਂਦੇ ਹਨ। ਬੱਚਾ ਪੈਦਾ ਹੋਇਆ ਉਦੋਂ ਕਹਿਣਗੇ ਮਾਤਾ - ਪਿਤਾ। ਸ਼ਾਦੀ ਦੇ ਬਾਅਦ ਸਮਝਣਗੇ ਇਹ ਮਾਤ - ਪਿਤਾ ਹੈ, ਅੰਡਰਸਟੂਡ ਹੈ ਕਿ ਸੰਤਾਂਨ ਵੀ ਹੋਵੇਗੀ। ਫਿਰ ਉਹਨਾਂ ਨੂੰ ਕੁਮਾਰ - ਕੁਮਾਰੀ ਨਹੀਂ ਕਹਾਂਗੇ।

ਤੁਸੀਂ ਬੱਚੇ ਜਾਣਦੇ ਹੋ ਹੁਣ ਸ਼੍ਰੀਕ੍ਰਿਸ਼ਨਪੁਰੀ ਸਥਾਪਨ ਹੋ ਰਹੀ ਹੈ। ਉੱਥੇ ਇੱਕ ਹੀ ਦੇਵੀ - ਦੇਵਤਾ ਧਰਮ ਹੈ। ਬਾਕੀ ਹਰ ਇੱਕ ਧਰਮ ਦਾ ਸ਼ਾਸਤਰ ਵੀ ਵੱਖ - ਵੱਖ ਹੁੰਦਾ ਹੈ। ਕਹਿੰਦੇ ਹਨ ਫਲਾਣੇ ਦਾ ਧਰਮਸ਼ਾਸਤਰ ਇਹ ਹੈ, ਅਸੀਂ ਫਲਾਣੇ ਧਰਮ ਅਤੇ ਮੱਠ ਵਿੱਚ ਜਾਂਦੇ ਹਾਂ। ਆਤਮਾਵਾਂ ਨੂੰ ਆਕੇ ਆਪਣਾ ਪਾਰ੍ਹ ਵਜਾਉਣਾ ਹੈ। ਕਿਸੇ ਨੂੰ ਪੁੱਛੋਂ - ਗੁਰੂਨਾਨਕ ਫਿਰ ਕਦੋਂ ਆਏਗਾ? ਉਹ ਤਾਂ ਕਹਿ ਦਿੰਦੇ ਹਨ ਜਯੋਤੀ ਜੋਤ ਸਮਾਇਆ। ਤਾਂ ਕੀ ਉਹਨਾਂ ਨੂੰ ਫਿਰ ਆਉਣਾ ਨਹੀਂ ਹੈ? ਸ੍ਰਿਸ਼ਟੀ ਚੱਕਰ ਕਿਵੇਂ ਰਿਪਿਟ ਹੋਵੇਗਾ? ਗੁਰੂਨਾਨਕ ਦੀ ਜਦੋਂ ਸੋਲ ਆਈ ਤਾਂ ਉਹਨਾਂ ਦੇ ਪਿਛਾੜੀ ਸਿੱਖ ਧਰਮ ਵਾਲੇ ਆਉਂਦੇ ਜਾਂਦੇ ਹਨ। ਹੁਣ ਤਾਂ ਦੇਖੋ ਕਿੰਨੇ ਹੋ ਗਏ ਹਨ! ਫਿਰ ਵੀ ਰਿਪੀਟ ਕਰਨਗੇ ਨਾ। ਦੱਸੋ ਫਿਰ ਕਦੋਂ ਆਉਣਗੇ? ਤਾਂ ਦੱਸ ਨਹੀਂ ਸਕਣਗੇ। ਤੁਸੀਂ ਕਹੋਗੇ ਇਹ ਤਾਂ 5 ਹਜ਼ਾਰ ਵਰ੍ਹੇ ਦਾ ਚੱਕਰ ਹੈ। ਗੁਰੂ ਨਾਨਕ ਨੂੰ 500 ਵਰ੍ਹੇ ਹੋਏ, ਫਿਰ 4500 ਵਰ੍ਹੇ ਬਾਅਦ ਆਕੇ ਸਿੱਖ ਧਰਮ ਸਥਾਪਨ ਕਰਨਗੇ। ਅਸੀਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਸਥਾਪਨ ਕਰਦੇ ਹਾਂ। ਫਿਰ ਹੋਰ ਵੀ ਨੰਬਰਵਾਰ ਆਕੇ ਧਰਮ ਸਥਾਪਨ ਕਰਨਗੇ। ਕਈ - ਕਈ ਬੱਚੇ ਕਹਿੰਦੇ ਹਨ ਸਾਡੀ ਬੁੱਧੀ ਵਿੱਚ ਇਨਾਂ ਨਹੀਂ ਬੈਠਦਾ ਹੈ। ਅੱਛਾ, ਗੱਲ ਤਾਂ ਬੈਠਦੀ ਹੈ ਨਾ। ਭਗਤਾਂ ਦਾ ਭਗਵਾਨ ਬਾਪ ਇੱਕ ਠਹਿਰਾ। ਕਿਹਾ ਵੀ ਜਾਂਦਾ ਹੈ ਪਾਪ ਆਤਮਾ, ਪੁੰਨ ਆਤਮਾ। ਪਰਮਾਤਮਾ ਤੇ ਕਿਸੇ ਨੂੰ ਕਿਹਾ ਨਹੀਂ ਜਾਂਦਾ। ਇਵੇਂ ਨਹੀਂ, ਆਤਮਾ ਜਾਕੇ ਪਰਮਾਤਮਾ ਬਣੇਗੀ। ਜਿਵੇਂ ਮਿਸਾਲ ਦਿੰਦੇ ਹਨ - ਬੁਦਬੁਦਾ ਸਾਗਰ ਵਿੱਚ ਲੀਨ ਹੋ ਜਾਏਗਾ। ਕਈ ਕਹਿੰਦੇ ਹਨ ਪਾਰ ਨਿਰਵਾਣ ਗਿਆ। ਜਿਵੇਂ ਬੁੱਧੀ ਦੇ ਲਈ ਕਹਿੰਦੇ ਹਨ। ਕਈ ਫਿਰ ਕਹਿੰਦੇ ਹਨ ਜਯੋਤੀ ਜੋਤ ਸਮਾਇਆ। ਹੁਣ ਰਾਈਟ ਕੌਣ? ਪਾਰ ਨਿਰਵਾਣ ਤਾਂ ਠੀਕ ਹੈ। ਆਤਮਾ ਵੀ ਨਿਰਾਕਾਰ ਹੈ। ਨਿਰਾਕਾਰੀ ਦੁਨੀਆਂ ਵਿੱਚ ਰਹਿੰਦੀ ਹੈ। ਸੂਕ੍ਸ਼੍ਮਵਤਨ ਵਿੱਚ ਹੈ ਮੂਵੀ। ਉਹ ਵੀ ਜਿਵੇਂ ਉੱਥੇ ਦੀ ਇੱਕ ਭਾਸ਼ਾ ਹੈ, ਜੋ ਉਹ ਹੀ ਸਮਝਦੇ ਹਨ, ਸਮਝ ਕੇ ਡਾਇਰੈਕਸ਼ਨ ਲੈ ਆਉਂਦੇ ਹਨ। ਇਹ ਵੀ ਵੰਡਰਫੁੱਲ ਗੱਲ ਹੈ ਨਾ। ਮੂਵੀ, ਟਾਕੀ ਅਤੇ ਸਾਈਲੈਂਸ - ਤਿੰਨ ਹਨ। ਪਹਿਲੇ ਮੂਵੀ ਦੇ ਬਾਈਸਕੋਪ ਵੀ ਸਨ ਫਿਰ ਉਹਨਾਂ ਨਾਲ ਕਿਸੇਨੂੰ ਮਜ਼ਾ ਨਹੀਂ ਆਇਆ ਤਾਂ ਟਾਕੀ ਕਰ ਦਿੱਤਾ। ਸੂਕ੍ਸ਼੍ਮਵਤਨ ਵਿੱਚ ਸਿਰਫ਼ ਬ੍ਰਹਮਾ, ਵਿਸ਼ਨੂੰ, ਸ਼ੰਕਰ ਹਨ। ਸਮਝਾਇਆ ਗਿਆ ਹੈ ਉੱਚ ਤੇ ਉੱਚ ਪਰਮਪਿਤਾ ਪਰਮਾਤਮਾ, ਜੋ ਸਾਈਲੈਂਸ ਵਰਲਡ ਵਿੱਚ ਰਹਿੰਦੇ ਹਨ। ਅਸੀਂ ਆਤਮਾਵਾਂ ਵੀ ਉੱਥੇ ਰਹਿੰਦੀਆਂ ਹਾਂ। ਪਤਿਤ - ਪਾਵਨ ਇੱਕ ਹੀ ਸਤਿਗੁਰੂ ਹੈ। ਸਰਵ ਦਾ ਸਦਗਤੀ ਦਾਤਾ ਉਹ ਹੀ ਹੈ। ਬਾਕੀ ਭਾਵੇਂ ਕੋਈ ਆਪਣੇ ਨੂੰ ਗੁਰੂ ਕਹਾਉਣ, ਰਿਸ਼ੀ ਕਹਾਉਣ, ਮਹਾਤਮਾ ਕਹਾਉਂਣ ਪਰ ਹਨ ਸਭ ਭਗਤ। ਪਾਵਨ ਬਣਾਉਣ ਵਾਲੇ ਨੂੰ ਜਾਣਦੇ ਹੀ ਨਹੀਂ।

ਕਹਿੰਦੇ ਹਨ ਪਰਮਾਤਮਾ ਸਭਨੂੰ ਕਬਰ ਤੋਂ ਨਿਕਾਲ ਲੈ ਜਾਂਦੇ ਹਨ। ਦੇਖਦੇ ਵੀ ਹੋ ਇਹ ਉਹ ਹੀ ਮਹਾਭਾਰੀ ਮਹਾਭਾਰਤ ਲੜ੍ਹਾਈ ਹੈ। ਤੁਸੀਂ ਸਤਿਯੁਗ ਦੇ ਲਈ ਰਾਜਯੋਗ ਸਿੱਖ ਰਹੇ ਹੋ। ਵਿਨਾਸ਼ ਦੇ ਬਾਅਦ ਫਿਰ ਸਤਿਯੁਗ ਦੇ ਗੇਟ ਖੁਲ੍ਹਦੇ ਹਨ। ਬਾਪ ਨੇ ਸਮਝਾਇਆ ਹੈ ਇਸ ਸਮੇਂ ਤੁਸੀਂ ਬਾਪ ਕੋਲੋਂ ਰਾਜਯੋਗ ਸਿੱਖਦੇ ਹੋ। ਤੁਸੀਂ ਯੋਗਬਲ ਨਾਲ ਰਾਜ ਲੈਂਦੇ ਹੋ। ਇਹ ਹੈ ਨਾਨਵਾਯੋਲੇਂਸ। ਕੋਈ ਵੀ ਇਹ ਨਹੀਂ ਜਾਣਦੇ ਹਨ ਕਿ ਨਾਨਵੋਇਲੇਨਸ ਕਿਸ ਨੂੰ ਕਿਹਾ ਜਾਂਦਾ ਹੈ। ਕਾਮ ਕਟਾਰੀ ਵੀ ਨਹੀਂ ਚਲਾਉਣੀ ਹੈ। ਇਹ ਵੀ ਹਿੰਸਾ ਹੈ। ਅਹਿੰਸ਼ਾ ਪਰਮੋ ਦੇਵੀ - ਦੇਵਤਾ ਧਰਮ ਸੀ। ਵਿਕਾਰਾਂ ਦੇ ਕਾਰਨ ਹੀ ਤੁਸੀਂ ਆਦਿ, ਮੱਧ, ਅੰਤ ਦੁੱਖ ਪਾਇਆ ਹੈ। ਉੱਥੇ ਹੈ ਹੀ ਨਿਰਾਕਾਰੀ ਦੁਨੀਆਂ, ਜਿਸ ਕਾਰਨ ਆਦਿ, ਮੱਧ, ਅੰਤ ਦੁੱਖ ਨਹੀਂ ਹੁੰਦਾ ਹੈ। ਉਹ ਹੈ ਅਮਰਲੋਕ, ਇਹ ਹੈ ਮ੍ਰਿਤੂਲੋਕ। ਮ੍ਰਿਤੂਲੋਕ ਵਿੱਚ ਬੈਠ ਕਥਾ ਸੁਣਾਉਂਦੇ ਹਨ ਅਮਰਲੋਕ ਵਿੱਚ ਜਾਣ ਲਈ। ਬਾਪ ਕਹਿੰਦੇ ਹਨ ਮੈਂ ਤ੍ਰਿਕਾਲਦਰਸ਼ੀ ਹਾਂ। ਤੁਹਾਨੂੰ ਵੀ ਤ੍ਰਿਕਾਲਦ੍ਰਸ਼ੀ, ਤ੍ਰਿਨੇਤ੍ਰੀ ਬਣਾਉਂਦਾ ਹਾਂ ਮਤਲਬ ਤਿੰਨਾਂ ਲੋਕਾਂ, ਤਿੰਨਾਂ ਕਾਲਾ ਨੂੰ ਜਾਨਣ ਵਾਲੇ। ਇਹ ਭਗਵਾਨ ਦੀ ਮਹਿਮਾ ਹੈ। ਤੁਸੀਂ ਬੱਚਿਆਂ ਨੂੰ ਆਪ ਸਮਾਨ ਬਣਾਕੇ ਨਾਲ ਲੈ ਜਾਂਦੇ ਹਨ। ਗਿਆਨ ਸਾਗਰ ਦੇ ਬੱਚੇ ਤੁਸੀਂ ਵੀ ਮਾਸਟਰ ਗਿਆਨ ਸਾਗਰ ਬਣ ਜਾਂਦੇ ਹੋ। ਬਾਪ ਕਹਿੰਦੇ ਹਨ ਮੈਂ ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ, ਚੇਤੰਨ, ਨਾਲੇਜ਼ਫੁੱਲ ਹਾਂ। ਹਾਂ, ਅਸੀਂ ਜਾਨ ਸਕਦੇ ਹਾਂ ਬੀਜ਼ ਤੋਂ ਇਵੇਂ ਝਾੜ ਨਿਕਲਦਾ ਹੈ ਫਿਰ ਫਲ ਨਿਕਲਦਾ ਹੈ। ਹੁਣ ਇਹ ਹੈ ਮਨੁੱਖ ਸ੍ਰਿਸ਼ਟੀ ਦਾ ਝਾੜ। ਬਾਬਾ ਕਹਿੰਦੇ ਹਨ ਮੈਂ ਇਸ ਉਲਟੇ ਝਾੜ ਦੇ ਆਦਿ, ਮੱਧ,ਅੰਤ ਨੂੰ, ਸ੍ਰਿਸ਼ਟੀ ਚੱਕਰ ਨੂੰ ਜਾਣਦਾ ਹਾਂ। ਮਨੁੱਖ ਕਹਿੰਦੇ ਵੀ ਹਨ ਪਰਮਾਤਮਾ ਸਤ ਹੈ, ਚੇਤੰਨ ਹੈ, ਆਨੰਦ ਦਾ ਸਾਗਰ ਹੈ, ਸੁਖ ਦਾ ਸਾਗਰ ਹੈ, ਤਾਂ ਉਹਨਾਂ ਤੋਂ ਜਰੂਰ ਵਰਸਾ ਮਿਲਣਾ ਚਾਹੀਦਾ ਹੈ। ਤੁਸੀਂ ਮੇਰੇ ਕੋਲੋਂ ਵਰਸਾ ਲੈ ਰਹੇ ਹੋ। ਤੁਸੀਂ 21 ਜਨਮਾਂ ਦੇ ਲਈ ਪਾਵਨ ਬਣ ਜਾਓਗੇ। ਮੈਂ ਏਵਰ ਪਾਵਨ ਹਾਂ।

ਤੁਹਾਨੂੰ ਤਾਂ ਪਾਰ੍ਟ ਵਜਾਉਣਾ ਹੀ ਹੈ। ਇਸ ਸਮੇਂ ਸਿਰਫ਼ ਤੁਹਾਡੀ ਚੜ੍ਹਦੀ ਕਲਾ ਹੈ। ਤੁਸੀਂ ਮਾਸਟਰ ਗਿਆਨ ਸਾਗਰ ਬਣ ਜਾਂਦੇ ਹੋ। ਫਿਰ ਸਤਿਯੁੱਗ ਤੋਂ ਲੈਕੇ ਤੁਹਾਡੀਆਂ ਕਲਾਵਾਂ ਕਮਤੀ ਹੁੰਦੀਆਂ ਜਾਣਗੀਆਂ। ਚੜ੍ਹਕੇ ਫਿਰ ਉਤਰਨਾ ਹੀ ਹੈ। ਹੁਣ ਤੁਸੀਂ ਬੱਚੇ ਬੇਹੱਦ ਦੇ ਬਾਪ ਕੋਲੋਂ ਬੇਹੱਦ ਦਾ ਵਰਸਾ ਲੈਂਦੇ ਹੋ। ਬਹੁਤ ਸਰਵਿਸ ਕਰਦੇ ਹੋ। ਬਾਪ ਹਨ ਪਤਿਤ - ਪਾਵਨ। ਤੁਸੀਂ ਸ਼ਿਵ ਸ਼ਕਤੀ, ਪਾਂਡਵ ਸੈਨਾ ਹੋ। ਪਤਿਤ ਦੁਨੀਆਂ ਨੂੰ ਪਵਨ ਬਣਾਉਣ ਵਿੱਚ ਮਦਦ ਕਰਦੇ ਹੋ। ਤੁਹਾਨੂੰ ਹੀ ਵੰਦੇ ਮਾਤਰਮ ਕਹਿੰਦੇ ਹਨ। ਪਤਿਤ ਨੂੰ ਕਦੀ ਵੰਦੇ ਮਾਤਰਮ ਨਹੀਂ ਕਹਾਂਗੇ। ਬਾਪ ਆਕੇ ਸ਼ਕਤੀ - ਦਲ ਦਵਾਰਾ ਗੁਪਤ ਸਰਵਿਸ ਕਰਾਉਂਦੇ ਹਨ। ਤੁਸੀਂ ਡਬਲ ਅਹਿੰਸਾ ਵਾਲੇ ਹੋ, ਰਾਜ ਲੈਂਦੇ ਹੋ ਪਰ ਕੋਈ ਹਥਿਆਰ ਆਦਿ ਨਹੀਂ ਹੈ। ਪਵਿੱਤਰ ਰਹਿੰਦੇ ਹੋ। ਉਹ ਸਭ ਹਨ ਡਬਲ ਹਿੰਸਕ। ਇੱਕ ਤਾਂ ਵਿਕਾਰ ਵਿੱਚ ਜਾਂਦੇ ਹਨ, ਕਾਮ-ਕਟਾਰੀ ਨਾਲ ਇੱਕ ਦੋ ਨੂੰ ਦੁੱਖ ਦਿੰਦੇ ਹਨ ਅਤੇ ਫਿਰ ਆਪਸ ਵਿੱਚ ਲੜ੍ਹਦੇ - ਝਗੜਦੇ ਵੀ ਰਹਿੰਦੇ ਹਨ। ਅੱਜਕਲ ਕਿੰਨੇ ਦੁਖ ਦੇ ਪਹਾੜ ਡਿਗਣੇ ਹਨ। ਮਨੁੱਖਾਂ ਵਿੱਚ ਕ੍ਰੋਧ ਕਿੰਨਾ ਭਾਰੀ ਹੈ। ਆਪਣੇ ਆਪ ਨੂੰ ਆਪੇਹੀ ਚਮਾਟ ਮਾਰਦੇ ਹਨ। ਸਭਦੀ ਗਲਾਨੀ ਕਰਦੇ ਰਹਿੰਦੇ । ਇਹ ਵੀ ਡਰਾਮੇ ਵਿੱਚ ਨੂੰਧਿਆ ਹੋਇਆ ਹੈ। ਸਭਨੂੰ ਡਿੱਗਣਾ ਹੀ ਹੈ। ਹੁਣ ਤੁਹਾਡੀ ਹੈ ਚੜ੍ਹਦੀ ਕਲਾ। ਤੁਸੀਂ ਢਿੰਡੋਰਾ ਪਿਟਵਾਓ ਕਿ ਸਵਰਗ ਦਾ ਰਚਿਯਤਾ ਸਿਖਾਉਣ ਵਾਲਾ ਉਹ ਭਗਵਾਨ ਆਇਆ ਹੋਇਆ ਹੈ। ਉਹ ਹਥੇਲੀ ਤੇ ਬਹਿਸ਼ਤ ਲੈ ਆਇਆ ਹਾਂ। ਸ਼੍ਰੀਕ੍ਰਿਸ਼ਨ ਨੂੰ ਅਸੀਂ ਭਗਵਾਨ ਨਹੀਂ ਕਹਾਂਗੇ। ਉਹ ਦੇਵੀ ਗੁਣਾਂ ਵਾਲਾ ਮਨੁੱਖ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਦੇਵਤਾ ਕਹਾਂਗੇ, ਉਹਨਾਂ ਨੂੰ ਦੇਵੀ ਗੁਣਾਂ ਵਾਲੇ ਮਨੁੱਖ ਨਹੀਂ ਕਹਾਂਗੇ। ਦੈਵੀਗੁਣ ਸਤਿਯੁਗੀ ਮਨੁੱਖਾਂ ਵਿੱਚ ਹਨ, ਅਸੁਰੀ ਗੁਣ ਕਲਯੁਗੀ ਮਨੁੱਖਾਂ ਵਿਚ ਹਨ। ਦੈਵੀ ਗੁਣਵਾਂਨ ਅਤੇ ਆਸੁਰੀ ਗੁਣਵਾਂਨ ਮਨੁੱਖ ਹੀ ਬਣਦੇ ਹਨ। ਤਾਂ ਬਾਪ ਬੈਠ ਸਮਝਾਉਂਦੇ ਹਨ - ਤੁਸੀਂ ਬਾਪ ਨੂੰ ਕਿਉਂ ਭੁੱਲਦੇ ਹੋ? ਘੜੀ - ਘੜੀ ਮੈਨੂੰ ਯਾਦ ਕਰੋ। ਤੁਹਾਡੇ 84 ਜਨਮ ਪੂਰੇ ਹੋਏ, ਹੁਣ ਮੈਂ ਤੁਹਾਨੂੰ ਰਾਜਯੋਗ ਸਿਖਾਉਣ ਆਇਆ ਹਾਂ। ਫਿਰ ਵੀ ਤੁਸੀਂ ਘੜੀ - ਘੜੀ ਭੁੱਲ ਜਾਂਦੇ ਹੋ। ਦੇਹ - ਅਭਿਮਾਨ ਛੱਡ ਆਪਣੇ ਨੂੰ ਅਸ਼ਰੀਰੀ ਸਮਝੋ।

ਅੱਛਾ! ਮਾਤ - ਪਿਤਾ ਬਾਪਦਾਦਾ ਦਾ ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਸਮਾਨ ਤ੍ਰਿਕਾਲਦਰਸ਼ੀ, ਤ੍ਰਿਨੇਤਰੀ, ਤ੍ਰਿਲੋਕੀਨਾਥ ਬਣਨਾ ਹੈ। ਬਾਪ ਦੀ ਮਹਿਮਾ ਵਿੱਚ ਖੁਦ ਨੂੰ ਮਾਸਟਰ ਬਣਾਉਣਾ ਹੈ।

2. ਡਬਲ ਅਹਿੰਸਕ ਬਣਨਾ ਹੈ। ਕਿਸੇ ਵੀ ਵਿਕਾਰ ਦੇ ਵਸ਼ੀਭੂਤ ਹੋ ਹਿੰਸਾ ਨਹੀਂ ਕਰਨੀ ਹੈ। ਬਾਪ ਦਾ ਮਦਦਗਾਰ ਬਣ ਸਭਨੂੰ ਪਾਵਨ ਬਣਾਉਣ ਦੀ ਸੇਵਾ ਕਰਨੀ ਹੈ।

ਵਰਦਾਨ:- ਜਵਾਲਾ ਰੂਪ ਦੀ ਯਾਦ ਦਵਾਰਾ ਖੁਦ ਨੂੰ ਪਰਿਵਰਤਨ ਕਰ ਬ੍ਰਾਹਮਣ ਤੋਂ ਫਰਿਸ਼ਤਾ, ਸੋ ਦੇਵਤਾ ਭਵ।
ਜਿਵੇਂ ਅਗਨੀ ਵਿੱਚ ਕੋਈ ਵੀ ਚੀਜ਼ ਪਾਈ ਜਾਂਦੀ ਹੈ ਤਾਂ ਨਾਮ, ਰੂਪ, ਗੁਣ ਸਭ ਬਦਲ ਜਾਂਦਾ ਹੈ। ਇਵੇਂ ਜਦੋਂ ਬਾਪ ਦੀ ਯਾਦ ਦੀ ਲਗਨ ਦੀ ਅਗਨੀ ਵਿੱਚ ਪੈਂਦੇ ਹੋ ਤਾਂ ਪਰਿਵਰਤਨ ਹੋ ਜਾਂਦੇ ਹੋ। ਮਨੁੱਖ ਤੋਂ ਬ੍ਰਾਹਮਣ, ਫਿਰ ਬ੍ਰਾਹਮਣ ਤੋਂ ਫਰਿਸ਼ਤਾ ਸੋ ਦੇਵਤਾ ਬਣ ਜਾਂਦੇ ਹੋ। ਜਿਵੇਂ ਕੱਚੀ ਮਿੱਟੀ ਨੂੰ ਸਾਂਚੇ ਵਿੱਚ ਢਾਲਕੇ ਅੱਗ ਵਿੱਚ ਪਾਉਂਦੇ ਹਨ ਤਾਂ ਇੱਟ ਬਣ ਜਾਂਦੀ, ਇਵੇਂ ਇਹ ਵੀ ਪਰਿਵਰਤਨ ਹੋ ਜਾਂਦਾ, ਇਸਲਈ ਯਾਦ ਨੂੰ ਜਵਾਲਾ ਰੂਪ ਕਿਹਾ ਜਾਂਦਾ ਹੈ।

ਸਲੋਗਨ:- ਸ਼ਕਤੀਸ਼ਾਲੀ ਆਤਮਾ ਉਹ ਹੈ ਜੋ ਜਦੋਂ ਚਾਹੇ ਉਦੋ ਸ਼ੀਤਲ ਸਵਰੂਪ ਅਤੇ ਜਦੋਂ ਚਾਹੇ ਜਵਾਲਾ ਰੂਪ ਧਾਰਨ ਕਰ ਲਵੇ।

******